# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸਾਖਾ)

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ,
ਪੰਜਾਬ ਸਕੂਲ ਸਿੱਖਿਆ ਬੋਰਡ
ਨਾਲ ਪੰਜਾਬ ਰਾਜ ਦੀਆਂ ਸਮੂਹ
ਐਫੀਲੀਏਟਿਡ/ ਐਸੋਸੀਏਟ ਸੰਸਥਾਵਾਂ।

ਨੰਬਰ: ਪਸਸਬ-ਐਫੀ: 2017/ 5120 ਮਿਤੀ: 21/6/17

**ਵਿਸ਼ਾ: ਐਫੀਲੀਏਟਿਡ/ਐਸੋਸੀਏਟ ਸਕੂਲਾਂ ਵਿੱਚ ਰਜਿਸਟ੍ਰੇਸ਼ਨ ਦੌਰਾਨ ਪ੍ਰੀਖਿਆਰਥੀਆਂ ਦਾ ਅਧਾਰ ਨੰਬਰ ਲਾਜਮੀ ਭਰਨ ਸਬੰਧੀ।**

*************

ਉਪਰੋਕਤ ਵਿਸ਼ੇ ਸਬੰਧੀ ਸਮੂਹ ਸਕੂਲ ਮੁੱਖੀਆਂ ਦੀ ਸੂਚਨਾ ਹਿੱਤ ਦੱਸਿਆ ਜਾਂਦਾ ਹੈ, ਕਿ ਸਾਲ 2017-18 ਵਿੱਚ ਨੌਵੀਂ ਅਤੇ ਗਿਆਰ੍ਹਵੀਂ ਦੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਕਰਵਾਉਣ ਲਈ ਦਾਖਲੇ ਆਉਣੇ ਹਨ। ਜਿਸ ਵਿੱਚ ਸਕੂਲ ਵੱਲੋਂ ਜਿਨ੍ਹਾਂ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਭੇਜੀ ਜਾਣੀ ਹੈ, ਉਹਨਾਂ ਦੇ ਆਧਾਰ ਨੰਬਰ ਭਰਨੇ ਲਾਜ਼ਮੀ ਹਨ। ਇਸ ਲਈ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ, ਕਿ ਆਪਣੀ ਸੰਸਥਾ ਵਿੱਚ ਪੜ੍ਹਦੇ ਸਾਰੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ/ਕੰਟਿਨਿਊਸ਼ਨ ਭਰਨ ਵੇਲੇ ਉਹਨਾਂ ਦਾ ਆਧਾਰ ਨੰਬਰ ਜਰੂਰ ਭਰਿਆ ਜਾਵੇ। ਜਿਨ੍ਹਾਂ ਵਿਦਿਆਰਥੀਆਂ ਦੇ ਆਧਾਰ ਕਾਰਡ ਨਹੀਂ ਬਣੇ, ਉਹਨਾਂ ਦੇ ਆਧਾਰ ਕਾਰਡ ਬਣਵਾਏ ਜਾਣ, ਤਾਂ ਜੋ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਕਰਵਾਉਣ ਸਮੇਂ ਕਿਸੇ ਪ੍ਰਕਾਰ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।